ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ), ਪੰਜਾਬ, ਫੇਸ-8, ਮੋਹਾਲੀ, ਸ.ਅ.ਸ. ਨਗਰ

(ਅਮਲਾ-2 ਸ਼ਾਖਾ)

ਨੋਟਿਸ ਮਿਤੀ 17-09-2018

ਸਿੱਖਿਆ ਵਿਭਾਗ (ਭਰਤੀ ਡਾਇਰੈਕਟੋਰੇਟ) ਵੱਲੋਂ 3582 ਮਾਸਟਰ ਕਾਡਰ ਦੀ ਭਰਤੀ ਸਬੰਧੀ ਮਿਤੀ 28-08-2018 ਨੂੰ ਹਿੰਦੀ ਅਤੇ ਅੰਗਰੇਜੀ ਵਿਸ਼ੇ ਦੇ ਯੋਗ ਉਮੀਦਵਾਰਾਂ ਦੀਆਂ ਸੂਚੀਆਂ ਵੈਬ ਸਾਇਟ ਰਾਹੀਂ ਜਾਰੀ ਕੀਤੀਆਂ ਗਈਆਂ ਸਨ। ਇਹਨਾਂ ਉਮੀਦਵਾਰਾਂ ਨੂੰ ਮਿਤੀ 29-08-2018 ਨੂੰ ਨਿਯੁਕਤੀ ਲਈ ਪੇਸ਼ਕਸ਼ ਪੱਤਰ ਦਿੱਤੇ ਗਏ ਸਨ। ਪਰੰਤੂ ਇਹਨਾਂ ਯੋਗ ਉਮੀਦਵਾਰਾਂ ਵਿੱਚੋਂ ਕੁਝ ਉਮੀਦਵਾਰ ਮਿਤੀ 29-8-2018 ਜਾਂ ਉਸ ਤੋਂ ਬਾਅਦ ਵੀ ਨਿਯੁਕਤੀ ਲਈ ਪੇਸ਼ਕਸ਼ ਪੱਤਰ ਲੈਣ ਲਈ ਮੁੱਖ ਦਫਤਰ ਵਿਖੇ ਹਾਜਰ ਨਹੀਂ ਹੋਏ।

ਮਿਤੀ 28-8-2018 ਦੀ ਚੋਣ ਸੂਚੀ ਅਨੁਸਾਰ ਹਿੰਦੀ ਅਤੇ ਅੰਗਰੇਜੀ ਵਿਸ਼ੇ ਦੇ ਜਿਹਨਾਂ ਯੋਗ ਉਮੀਦਵਾਰਾਂ ਨੇ ਅਜੇ ਤੱਕ ਗੈਰ ਹਾਜਰ ਰਹਿਣ ਕਰਕੇ ਨਿਯੁਕਤੀ ਲਈ ਪੇਸ਼ਕਸ਼ ਪੱਤਰ ਪ੍ਰਾਪਤ ਨਹੀਂ ਕੀਤੇ ਉਹਨਾਂ ਨੂੰ ਮਿਤੀ 20.09.2018 ਤੱਕ ਨਿਯੁਕਤੀ ਲਈ ਪੇਸ਼ਕਸ਼ ਪੱਤਰ ਲੈਣ ਦਾ ਇੱਕ ਹੋਰ ਮੌਕਾ ਦਿੱਤਾ ਜਾਂਦਾ ਹੈ। ਉਮੀਦਵਾਰ ਆਪਣੇ ਨਾਲ ਲੋੜੀਂਦੇ ਦਸਤਾਵੇਜ (ਅਪਲਾਈ ਕਰਨ ਦਾ ਸਬੂਤ, ਫੋਟੋ ਸ਼ਨਾਖਤੀ ਕਾਰਡ) ਲੈ ਕੇ ਮਿਤੀ 20.9.2018 ਤੱਕ ਪੇਸ਼ਕਸ਼ ਪੱਤਰ ਲੈਣਾ ਯਕੀਨੀ ਬਣਾਉਣਗੇ।

ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ), ਪੰਜਾਬ